ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।
ਅਮਲਾ -2 ਸ਼ਾਖਾ

## ਪਬਲਿਕ ਨੋਟਿਸ

ਮਿਤੀ 24.07.2018

3582 ਭਰਤੀ ਤਹਿਤ ਮਿਤੀ 26.07.2018 ਤੋਂ 27.07.2018 ਨੂੰ ਸਮਾਜਿਕ ਸਿੱਖਿਆ, ਪੰਜਾਬੀ, ਮੈਥ ਅਤੇ ਸਾਇੰਸ ਲਈ ਨਿਯੁਕਤੀ ਪੱਤਰ ਸਮੇਤ ਸਟੇਸ਼ਨ ਜਾਰੀ ਕਰਨ ਦੀ ਪ੍ਰੀਕ੍ਰਿਆ ਨੂੰ ਅਮਲ ਵਿੱਚ ਲਿਆਉਣ ਲਈ ਹੇਠ ਅਨੁਸਾਰ ਮਿਤੀ ਅਤੇ ਥਾਵਾਂ ਤੇ ਆਉਣ ਲਈ ਸੱਦਾ ਦਿੱਤਾ ਜਾਂਦਾ ਹੈ

| ਲੜੀ ਨੰ: | ਸਕੂਲ/ਸੰਸਥਾ ਦਾ ਨਾਂ | ਮਿਤੀ | ਵਿਸ਼ਾ |
|---|---|---|---|
| 1 | ਸ਼ਿਵਾਲਿਕ ਪਬਲਿਕ ਸਕੂਲ, ਫੇਜ਼ 6, ਮੋਹਾਲੀ | ਮਿਤੀ 26.07.18 ਤੋਂ 27.07.18 ਤੱਕ | ਸਾਇੰਸ |
| 2 | ਆਡੀਟੋਰੀਅਮ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ 8, ਮੋਹਾਲੀ | ਮਿਤੀ 26.07.18 ਤੋਂ 27.07.18 ਤੱਕ | ਮੈਥ |
| 3 | ਰਤਨ ਗਰੁਪ ਆਫ ਕਾਲਜ, ਸੈਕਟਰ 78, ਮੋਹਾਲੀ (ਨੇੜੇ ਪਿੰਡ ਸੋਹਾਣਾ) | ਮਿਤੀ 26.07.18 | ਸਮਾਜਿਕ ਸਿੱਖਿਆ |
| 4 | ਸੇਂਟ ਸੋਲਜਰ, ਫੇਜ਼ 7, ਮੋਹਾਲੀ | ਮਿਤੀ 26.07.18 | ਪੰਜਾਬੀ |

ਨੋਟ ਉਕਤ ਸ਼ਡਿਊਲ ਅਨੁਸਾਰ ਉਮੀਦਵਾਰ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਉਮੀਦਵਾਰਾਂ ਦੀ ਗਿਣਤੀ ਅਤੇ ਸਮਾਂ ਸਬੰਧੀ ਲਿਸਟ/ਸੂਚਨਾ ਵਿਭਾਗ ਦੀ ਵੈਬ ਸਾਇਟ www.educationrecruitmentboard.com ਤੇ ਜਾਰੀ ਕੀਤੀ ਜਾਵੇਗੀ। ਜਿਸ ਅਨੁਸਾਰ ਹੀ ਉਮੀਦਵਾਰ ਸਟੇਸ਼ਨ ਚੋਣ ਲਈ ਆਉਣਗੇ।

ਉਮੀਦਵਾਰਾਂ ਲਈ ਹਦਾਇਤਾਂ

- ਸਾਰੇ ਉਮੀਦਵਾਰ ਸਟੇਸ਼ਨ ਦੀ ਚੋਣ ਸਮੇਂ ਤੈਨਾਤ ਦਫ਼ਤਰੀ ਅਮਲੇ ਨੂੰ ਸਹਿਯੋਗ ਦੇਣਗੇ
- ਸਾਰੇ ਉਮੀਦਵਾਰ ਨਿਸ਼ਚਿਤ ਮਿਤੀ ਨੂੰ ਆਪਣੇ ਨਾਲ ਸਾਰੇ ਅਸਲ ਵਿਦਿਅਕ ਦਸਤਾਵੇਜ, ਅਪਲਾਈ ਕਰਨ ਦਾ ਸਬੂਤ, ਮੈਡੀਕਲ ਰਿਪੋਰਟ, ਸਵੈਘੋਸ਼ਣਾ ਪੱਤਰ, ਫੋਟੋ ਸਮੇਤ ਅਤੇ ਪਹਿਚਾਣ ਪੱਤਰ ਫੋਟੋ ਸਮੇਤ ਰੱਖਣਗੇ ਅਤੇ ਸਮੂਹ ਦਸਤਾਵੇਜਾਂ ਦੀ ਇੱਕ ਸੈਟ ਫੋਟੋਕਾਪੀ (self attested) ਆਪਣੇ ਨਾਲ ਰੱਖਣਗੇ।
- ਸਾਰੇ ਉਮੀਦਵਾਰਾਂ ਨੂੰ ਇਸ ਨੋਟਿਸ ਰਾਹੀਂ ਉਕਤ ਸ਼ਡਿਊਲ ਦਿੰਦੇ ਹੋਏ ਇਹ ਸਪਸ਼ਟ ਕਰ ਦੇਣਾ ਬਣਦਾ ਹੈ ਕਿ ਸਟੇਸ਼ਨ ਸਿਰਫ ਵਿਭਾਗ ਵੱਲੋ ਜਾਰੀ ਕੀਤੀ ਗਈ ਲਿਸਟ ਅਨੁਸਾਰ ਹੀ ਦਿੱਤੇ ਜਾਣਗੇ।
- ਸਿਰਫ ਉਨ੍ਹਾਂ ਉਮੀਦਵਾਰਾਂ ਨੂੰ ਹੀ ਸਟੇਸ਼ਨ ਅਲਾਟ ਕੀਤਾ ਜਾਵੇਗਾ ਜਿਨ੍ਹਾਂ ਵੱਲੋਂ ਮਿਤੀ 16.07.2018 ਨੂੰ ਆਪਣੀ ਹਾਜਰੀ ਦਿੱਤੀ ਗਈ ਹੈ।
- ਮਿਤੀ 16.07.2018 ਤੋਂ ਬਾਅਦ ਹਾਜਰ ਹੋਣ ਵਾਲੇ ਉਮੀਦਵਾਰਾਂ ਅਤੇ ਜਿਨ੍ਹਾ ਉਮੀਦਵਾਰਾਂ ਵੱਲੋਂ ਹਾਜਰ ਹੋਣ ਲਈ ਸਮੇਂ ਵਿੱਚ ਵਾਧਾ ਮੰਗਿਆ ਗਿਆ ਹੈ, ਉਨ੍ਹਾਂ ਉਮੀਦਵਾਰਾਂ ਨੂੰ ਸਟੇਸ਼ਨ ਅਲਾਟਮੈਂਟ ਲਈ ਵਿਭਾਗੀ ਫੈਸਲੇ ਅਨੁਸਾਰ ਬਾਅਦ ਵਿੱਚ ਵਿਚਾਰਿਆ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:)
ਪੰਜਾਬ।